# AAP convener Arvind Kejriwal and CM Bhagwant Mann pay obeisance at Sri Harmandir Sahib, Bhagwan Valmiki Tirath Sthal and Sri Durgiana Mandir

### Thank Almighty for successful completion of three years in government

### Vow to put Punjab further on high growth trajectory

Amritsar, March 16:

Punjab Chief Minister Bhagwant Singh Mann, accompanied by former Delhi Chief Minister Arvind Kejriwal, on Sunday paid obeisance at Sri Harmandir Sahib, Bhagwan Valmiki Tirth Sthal and Sri Durgiana Mandir to thank the almighty for the successful completion of three years of the state government.

Both the leaders said that they are blessed to have got the opportunity to serve the people of the state and herald a new era of unprecedented development and progress in state. Bhagwant Singh Mann and Arvind Kejriwal said that they are following the footsteps of great Sikh Gurus serve the people and vowed to give further impetus to development of the state. They said that a vast change has been witnessed in Punjab in last three years and in coming two years state will lead the country in every field.

The Chief Minister further said that on this day in 2022 he had assumed the charge of office at the native village of Shaheed Bhagat Singh. He said that the people of the state had bestowed a huge responsibility on them by giving a thumping majority in the Punjab Vidhan Sabha. Bhagwant Singh Mann said that since then his government has made strenuous efforts to make Punjab a frontrunner state in every arena.

The Chief Minister said that the state government had launched the guarantee to provide free power to the people in 2022 and since then 90% of the households in the state are getting free power and have got zero power bills. He said that this has reduced a big burden on the pocket of the common man by saving a huge amount of money for the poor households. Bhagwant Singh Mann said that it is also a matter of immense pride and satisfaction that along with domestic consumers, the food growers of the country are also getting free and uninterrupted power in the state.

The Chief Minister said that he had assumed charge of office in March 2022 and after a few months he got coal supply from Pachwara coal mines resumed. He said that the state has created history by purchasing Goindwal power plant owned

by a private company GVK Power. Bhagwant Singh Mann said that for the first time this reverse trend has started that a government has purchased any private power plant whereas in the past the state governments used to sell their assets to the favorite individuals at ‘throw away’ prices.

The Chief Minister said that to make youth an active partner in the socio-economic development of the state the Punjab government has given government jobs to them. Bhagwant Singh Mann said that for the first time in the history of the state, any government has given a record number of more than 51,000 jobs to the youth in 36 months of coming into power. He said that it is a matter of immense pride and satisfaction for him that all the jobs have been given completely on the basis of merit, san any corruption or nepotism.

The Chief Minister said that in order to impart quality healthcare services to people, the state government has set up 881 Aam Aadmi clinics across Punjab which have revolutionized the health care sector in the state. He said that so far more than 2.70 crore people have taken the benefits of these clinics in the state. Bhagwant Singh Mann said that ever since inception these clinics have witnessed a huge footfall indicating that every third person of the state has taken benefit from these clinics.

The Chief Minister further said that Punjab Government is committed to make 118 Government Senior Secondary Schools as Schools of Eminence, equipped with smart classrooms, fully equipped labs and playgrounds for scientific learning. He said that due to all out efforts of the state government, the enrolment in government schools has been increased by around 17% in Pre- primary classes. Bhagwant Singh Mann said that to upscale the expertise of the teachers special program has been embarked under which teachers and Principals are being sent abroad for training so that they are well versed with modern teaching practices to prepare the students for future competitions in the international arena.

The Chief Minister said that at the time when he had assumed the charge of office only 21% canal water was being used in the state for irrigation purposes. However, he said that it is a matter of great pride and satisfaction that today 75% of the canal water is being used for irrigation purposes. Bhagwant Singh Mann said that his government has ensured availability of canal water to farmers at the tail ends, who were deprived of this for decades, on one hand and saving the precious ground water on the other.

The Chief Minister said that in a major citizen centric initiative, the state Government has launched a new scheme namely Door-Step Delivery of Services under “Bhagwant Mann Sarkar Tuhade

Dwar" to provide services to the citizens at their door-step on demand. He said that under the scheme, 43 citizen services have been identified which constitute more than 99% of the daily administrative works of people. Bhagwant Singh Mann said that people are immensely benefited from the availability of services at their places of residence.

The Chief Minister said that Punjab has complete communal harmony, peace and amity, which are mainly responsible for overall development and prosperity in the state. Bhagwant Singh Mann said that due to strenuous efforts of Punjab government so far investments worth around Rs 94,000 crore have been firmed up in the state in the last three years adding that leading companies like Tata Steel, Sanatan Textiles and others are making a beeline to invest in the state. He said that it is a matter of immense pride and satisfaction that companies are making optimum use of the congenial atmosphere backed by excellent infrastructure, power, skilled human resources and best industrial and work culture in the state to spread their business.

The Chief Minister said that to facilitate the people for undertaking a visit to the pilgrimage site of their choice, the state government has embarked on the Mukh Mantri Teerth Yatra Scheme. He said that this ambitious scheme is benefitting every strata of society in a big way as they can travel to the pilgrimage sites free of cost. Bhagwant Singh Mann said that this is an unprecedented scheme which has been embarked for the first time in the country by any state adding that more than 35,000 pilgrims have benefited from it.

The Chief Minister said that the state Government has launched first of its kind initiative in the country, a dedicated Sadak Surakhya Force to ensure enhanced security and to save precious lives on the state and National Highways. He said that specially trained, freshly recruited 1597 personnel including girls are acting as the backbone to this force, who have been provided with the latest, fully equipped 144 vehicles and since its launch in February last year the state has witnessed a 48.10% reduction in casualties due to accidents. Bhagwant Singh Mann said that several other states and even the Government of India has hailed this out of the box initiative of the state government.

Meanwhile, former Delhi Chief Minister Arvind Kejriwal said that it is a matter of immense pride and satisfaction that the state government has taken historic decisions to serve the people in last three years. He said that in the coming two years too the state will witness transformative changes due to strenuous efforts of the Bhagwant Mann led government. Arvind Kejriwal said that the major thrust of the state government will be on serving the weaker and underprivileged sections of the society.

The former Delhi Chief Minister said that all out efforts will be made to further dispense justice to the masses and put the state on path of high growth trajectory. He said that the state government has launched a crusade against corruption and menace of drugs adding that soon Punjab will be free from these social maladies. Arvind Kejriwal said that the focus is to make Punjab a peaceful, progressive and prosperous state besides making youth an active partner in this noble cause.

-----------

**ਮੁੱਖ ਮੰਤਰੀ ਦਫ਼ਤਰ, ਪੰਜਾਬ**

**'ਆਪ' ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਸ੍ਰੀ ਹਰਿਮੰਦਰ ਸਾਹਿਬ, ਭਗਵਾਨ ਵਾਲਮੀਕਿ ਤੀਰਥ ਸਥਲ ਅਤੇ ਸ੍ਰੀ ਦੁਰਗਿਆਣਾ ਮੰਦਰ ਵਿਖੇ ਮੱਥਾ ਟੇਕਿਆ**

*** ਸਰਕਾਰ ਦੇ ਤਿੰਨ ਸਾਲ ਸਫ਼ਲਤਾਪੂਰਵਕ ਪੂਰੇ ਕਰਨ ਉੱਤੇ ਪਰਮਾਤਮਾ ਦਾ ਸ਼ੁਕਰਾਨਾ**
*** ਪੰਜਾਬ ਨੂੰ ਵਿਕਾਸ ਦੀਆਂ ਉਚਾਈਆਂ 'ਤੇ ਲੈ ਜਾਣ ਦਾ ਪ੍ਰਣ**

**ਅੰਮ੍ਰਿਤਸਰ, 16 ਮਾਰਚ:**

**ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨਾਲ ਐਤਵਾਰ ਨੂੰ ਸ੍ਰੀ ਹਰਿਮੰਦਰ ਸਾਹਿਬ, ਭਗਵਾਨ ਵਾਲਮੀਕਿ ਤੀਰਥ ਸਥਲ ਅਤੇ ਸ੍ਰੀ ਦੁਰਗਿਆਣਾ ਮੰਦਰ ਵਿਖੇ ਮੱਥਾ ਟੇਕਿਆ ਅਤੇ ਸੂਬਾ ਸਰਕਾਰ ਦੇ ਤਿੰਨ ਸਾਲ ਸਫ਼ਲਤਾਪੂਰਵਕ ਪੂਰੇ ਹੋਣ 'ਤੇ ਪਰਮਾਤਮਾ ਦਾ ਧੰਨਵਾਦ ਕੀਤਾ।**

**ਦੋਵਾਂ ਆਗੂਆਂ ਨੇ ਕਿਹਾ ਕਿ ਉਹ ਖ਼ੁਸ਼ਕਿਸਮਤ ਹਨ ਕਿ ਉਨ੍ਹਾਂ ਨੂੰ ਸੂਬੇ ਦੇ ਲੋਕਾਂ ਦੀ ਸੇਵਾ ਕਰਨ ਅਤੇ ਸੂਬੇ ਵਿੱਚ ਬੇਮਿਸਾਲ ਵਿਕਾਸ ਤੇ ਤਰੱਕੀ ਦੇ ਨਵੇਂ ਯੁੱਗ ਦੀ ਸ਼ੁਰੂਆਤ ਕਰਨ ਦਾ ਮੌਕਾ ਮਿਲਿਆ ਹੈ। ਭਗਵੰਤ ਸਿੰਘ ਮਾਨ ਅਤੇ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਉਹ ਮਹਾਨ ਸਿੱਖ ਗੁਰੂਆਂ ਦੇ ਨਕਸ਼ੇ-ਕਦਮਾਂ 'ਤੇ ਚੱਲ ਕੇ ਲੋਕਾਂ ਦੀ ਸੇਵਾ ਕਰ ਰਹੇ ਹਨ। ਉਨ੍ਹਾਂ ਸੂਬੇ ਦੇ ਵਿਕਾਸ ਨੂੰ ਹੋਰ ਹੁਲਾਰਾ ਦੇਣ ਦਾ ਪ੍ਰਣ ਲਿਆ। ਉਨ੍ਹਾਂ ਕਿਹਾ ਕਿ ਪਿਛਲੇ ਤਿੰਨ ਸਾਲਾਂ ਵਿੱਚ ਪੰਜਾਬ ਵਿੱਚ ਵੱਡੀ ਤਬਦੀਲੀ ਦੇਖੀ ਗਈ ਹੈ ਅਤੇ ਅਗਲੇ ਦੋ ਸਾਲਾਂ ਵਿੱਚ ਸੂਬਾ ਹਰ ਖੇਤਰ ਵਿੱਚ ਦੇਸ਼ ਦੀ ਅਗਵਾਈ ਕਰੇਗਾ।**

**ਮੁੱਖ ਮੰਤਰੀ ਨੇ ਅੱਗੇ ਕਿਹਾ ਕਿ** 2022 **ਵਿੱਚ ਅੱਜ ਦੇ ਦਿਨ ਉਨ੍ਹਾਂ ਨੇ ਸ਼ਹੀਦ ਭਗਤ ਸਿੰਘ ਦੇ ਜੱਦੀ ਪਿੰਡ ਵਿਖੇ ਅਹੁਦਾ ਸੰਭਾਲਿਆ ਸੀ। ਉਨ੍ਹਾਂ ਕਿਹਾ ਕਿ ਸੂਬੇ ਦੇ ਲੋਕਾਂ ਨੇ ਪੰਜਾਬ ਵਿਧਾਨ ਸਭਾ ਵਿੱਚ ਭਾਰੀ ਬਹੁਮਤ ਦੇ ਕੇ ਉਨ੍ਹਾਂ ਨੂੰ ਵੱਡੀ ਜ਼ਿੰਮੇਵਾਰੀ ਸੌਂਪੀ ਸੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਦੋਂ ਤੋਂ**

ਉਨ੍ਹਾਂ ਦੀ ਸਰਕਾਰ ਨੇ ਪੰਜਾਬ ਨੂੰ ਹਰ ਖੇਤਰ ਵਿੱਚ ਮੋਹਰੀ ਸੂਬਾ ਬਣਾਉਣ ਲਈ ਸਖ਼ਤ ਯਤਨ ਕੀਤੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ 2022 ਵਿੱਚ ਲੋਕਾਂ ਨੂੰ ਮੁਫ਼ਤ ਬਿਜਲੀ ਦੇਣ ਦੀ ਗਰੰਟੀ ਸ਼ੁਰੂ ਕੀਤੀ ਸੀ ਅਤੇ ਉਦੋਂ ਤੋਂ ਸੂਬੇ ਦੇ 90 ਫੀਸਦੀ ਘਰਾਂ ਨੂੰ ਮੁਫ਼ਤ ਬਿਜਲੀ ਮਿਲ ਰਹੀ ਹੈ ਅਤੇ ਉਨ੍ਹਾਂ ਨੂੰ ਜ਼ੀਰੋ ਬਿਜਲੀ ਬਿੱਲ ਮਿਲ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਨਾਲ ਗਰੀਬ ਘਰਾਂ ਲਈ ਵੱਡੀ ਬੱਚਤ ਕਰ ਕੇ ਆਮ ਆਦਮੀ ਦੀ ਜੇਬ ਤੋਂ ਵੱਡਾ ਬੋਝ ਘਟਾਇਆ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਬਹੁਤ ਮਾਣ ਅਤੇ ਸੰਤੁਸ਼ਟੀ ਦੀ ਗੱਲ ਹੈ ਕਿ ਘਰੇਲੂ ਖਪਤਕਾਰਾਂ ਦੇ ਨਾਲ-ਨਾਲ ਅੰਨਦਾਤਿਆਂ ਨੂੰ ਵੀ ਸੂਬੇ ਵਿੱਚ ਮੁਫ਼ਤ ਅਤੇ ਨਿਰਵਿਘਨ ਬਿਜਲੀ ਮਿਲ ਰਹੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੇ ਮਾਰਚ 2022 ਵਿੱਚ ਅਹੁਦਾ ਸੰਭਾਲਿਆ ਸੀ ਅਤੇ ਕੁਝ ਮਹੀਨਿਆਂ ਬਾਅਦ ਪੰਜਾਬ ਨੂੰ ਪਛਵਾੜਾ ਕੋਲਾ ਖਾਣ ਤੋਂ ਕੋਲੇ ਦੀ ਸਪਲਾਈ ਮੁੜ ਸ਼ੁਰੂ ਹੋ ਗਈ। ਉਨ੍ਹਾਂ ਕਿਹਾ ਕਿ ਸੂਬੇ ਨੇ ਨਿੱਜੀ ਕੰਪਨੀ ਜੀ.ਵੀ.ਕੇ. ਪਾਵਰ ਦੀ ਮਲਕੀਅਤ ਵਾਲਾ ਗੋਇੰਦਵਾਲ ਪਾਵਰ ਪਲਾਂਟ ਖ਼ਰੀਦ ਕੇ ਇਤਿਹਾਸ ਰਚਿਆ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪਹਿਲੀ ਵਾਰ ਇਹ ਉਲਟਾ ਰੁਝਾਨ ਸ਼ੁਰੂ ਹੋਇਆ ਹੈ ਕਿ ਕਿਸੇ ਸਰਕਾਰ ਨੇ ਕੋਈ ਨਿੱਜੀ ਪਾਵਰ ਪਲਾਂਟ ਖਰੀਦਿਆ ਹੈ, ਜਦੋਂ ਕਿ ਪਹਿਲਾਂ ਸੂਬਾ ਸਰਕਾਰਾਂ ਆਪਣੀਆਂ ਜਾਇਦਾਦਾਂ ਚਹੇਤਿਆਂ ਨੂੰ ਕੌਡੀਆਂ ਦੇ ਭਾਅ ਵੇਚਦੀਆਂ ਸਨ।

ਮੁੱਖ ਮੰਤਰੀ ਨੇ ਕਿਹਾ ਕਿ ਨੌਜਵਾਨਾਂ ਨੂੰ ਸੂਬੇ ਦੇ ਸਮਾਜਿਕ-ਆਰਥਿਕ ਵਿਕਾਸ ਵਿੱਚ ਸਰਗਰਮ ਭਾਈਵਾਲ ਬਣਾਉਣ ਲਈ ਪੰਜਾਬ ਸਰਕਾਰ ਨੇ ਉਨ੍ਹਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬੇ ਦੇ ਇਤਿਹਾਸ ਵਿੱਚ ਪਹਿਲੀ ਵਾਰ ਕਿਸੇ ਵੀ ਸਰਕਾਰ ਨੇ ਸੱਤਾ ਵਿੱਚ ਆਉਣ ਦੇ 36 ਮਹੀਨਿਆਂ ਵਿੱਚ ਨੌਜਵਾਨਾਂ ਨੂੰ ਰਿਕਾਰਡ 51,000 ਤੋਂ ਵੱਧ ਨੌਕਰੀਆਂ ਦਿੱਤੀਆਂ ਹਨ। ਉਨ੍ਹਾਂ ਕਿਹਾ ਕਿ ਇਹ ਉਨ੍ਹਾਂ ਲਈ ਬਹੁਤ ਮਾਣ ਅਤੇ ਸੰਤੁਸ਼ਟੀ ਦੀ ਗੱਲ ਹੈ ਕਿ ਸਾਰੀਆਂ ਨੌਕਰੀਆਂ ਬਿਨਾਂ ਕਿਸੇ ਭ੍ਰਿਸ਼ਟਾਚਾਰ ਜਾਂ ਭਾਈ-ਭਤੀਜਾਵਾਦ ਦੇ ਪੂਰੀ ਤਰ੍ਹਾਂ ਯੋਗਤਾ ਦੇ ਆਧਾਰ 'ਤੇ ਦਿੱਤੀਆਂ ਗਈਆਂ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਲੋਕਾਂ ਨੂੰ ਮਿਆਰੀ ਸਿਹਤ ਸੇਵਾਵਾਂ ਮੁਹੱਈਆ ਕਰਨ ਲਈ ਸੂਬਾ ਸਰਕਾਰ ਨੇ ਪੰਜਾਬ ਭਰ ਵਿੱਚ 881 ਆਮ ਆਦਮੀ ਕਲੀਨਿਕ ਸਥਾਪਤ ਕੀਤੇ ਹਨ, ਜਿਨ੍ਹਾਂ ਨੇ ਸੂਬੇ ਦੇ ਸਿਹਤ ਸੰਭਾਲ ਖੇਤਰ ਵਿੱਚ ਕ੍ਰਾਂਤੀ ਲਿਆ ਦਿੱਤੀ ਹੈ। ਉਨ੍ਹਾਂ ਕਿਹਾ ਕਿ ਹੁਣ ਤੱਕ ਸੂਬੇ ਵਿੱਚ 2.70 ਕਰੋੜ ਤੋਂ ਵੱਧ ਲੋਕ ਇਨ੍ਹਾਂ ਕਲੀਨਿਕਾਂ ਦਾ ਲਾਭ ਲੈ ਚੁੱਕੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸ਼ੁਰੂਆਤ ਤੋਂ

ਹੀ ਇਨ੍ਹਾਂ ਕਲੀਨਿਕਾਂ ਵਿੱਚ ਵੱਡੀ ਗਿਣਤੀ ਵਿੱਚ ਲੋਕ ਆ ਚੁੱਕੇ ਹਨ, ਜਿਸ ਤੋਂ ਪਤਾ ਚਲਦਾ ਹੈ ਕਿ ਸੂਬੇ ਦਾ ਹਰ ਤੀਜਾ ਵਿਅਕਤੀ ਇਨ੍ਹਾਂ ਕਲੀਨਿਕਾਂ ਦਾ ਲਾਭ ਲੈ ਰਿਹਾ ਹੈ।

ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਪੰਜਾਬ ਸਰਕਾਰ 118 ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਨੂੰ ਸਕੂਲ ਆਫ਼ ਐਮੀਨੈਂਸ ਬਣਾਉਣ ਲਈ ਵਚਨਬੱਧ ਹੈ, ਜੋ ਸਮਾਰਟ ਕਲਾਸਰੂਮਾਂ, ਅਤਿ-ਆਧੁਨਿਕ ਲੈਬਾਟਰੀਆਂ ਅਤੇ ਵਿਗਿਆਨਕ ਸਿੱਖਿਆ ‘ਤੇ ਆਧਾਰਤ ਖੇਡ ਮੈਦਾਨਾਂ ਨਾਲ ਲੈਸ ਹਨ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦੇ ਠੋਸ ਯਤਨਾਂ ਸਦਕਾ ਪ੍ਰੀ-ਪ੍ਰਾਇਮਰੀ ਕਲਾਸਾਂ ਵਿੱਚ ਸਰਕਾਰੀ ਸਕੂਲਾਂ ਦੇ ਦਾਖਲੇ ਵਿੱਚ ਲਗਪਗ 17 ਫੀਸਦ ਦਾ ਵਾਧਾ ਦਰਜ ਹੋਇਆ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਅਧਿਆਪਕਾਂ ਦੀ ਮੁਹਾਰਤ ਨੂੰ ਨਿਖਾਰਨ ਲਈ ਵਿਸ਼ੇਸ਼ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਹੈ, ਜਿਸ ਤਹਿਤ ਅਧਿਆਪਕਾਂ ਅਤੇ ਪ੍ਰਿੰਸੀਪਲਾਂ ਨੂੰ ਸਿਖਲਾਈ ਲਈ ਵਿਦੇਸ਼ ਭੇਜਿਆ ਜਾ ਰਿਹਾ ਹੈ ਤਾਂ ਜੋ ਉਹ ਪੜ੍ਹਾਉਣ ਦੇ ਆਧੁਨਿਕ ਅਭਿਆਸਾਂ ਤੋਂ ਜਾਣੂ ਹੋ ਕੇ ਵਿਦਿਆਰਥੀਆਂ ਨੂੰ ਅੰਤਰਰਾਸ਼ਟਰੀ ਖੇਤਰ ਵਿੱਚ ਭਵਿੱਖ ਦੇ ਮੁਕਾਬਲਿਆਂ ਲਈ ਤਿਆਰ ਕਰ ਸਕਣ।

ਮੁੱਖ ਮੰਤਰੀ ਨੇ ਕਿਹਾ ਕਿ ਜਿਸ ਸਮੇਂ ਉਨ੍ਹਾਂ ਨੇ ਅਹੁਦਾ ਸੰਭਾਲਿਆ ਸੀ, ਉਸ ਸਮੇਂ ਸੂਬੇ ਵਿੱਚ ਸਿੰਜਾਈ ਲਈ ਸਿਰਫ਼ 21 ਫੀਸਦ ਨਹਿਰੀ ਪਾਣੀ ਵਰਤਿਆ ਜਾ ਰਿਹਾ ਸੀ। ਉਨ੍ਹਾਂ ਕਿਹਾ ਕਿ ਇਹ ਬਹੁਤ ਮਾਣ ਅਤੇ ਸੰਤੁਸ਼ਟੀ ਦੀ ਗੱਲ ਹੈ ਕਿ ਅੱਜ 75 ਫੀਸਦ ਨਹਿਰੀ ਪਾਣੀ ਸਿੰਜਾਈ ਲਈ ਵਰਤਿਆ ਜਾ ਰਿਹਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਇਕ ਪਾਸੇ ਦਹਾਕਿਆਂ ਤੋਂ ਵਾਂਝੇ ਕਿਸਾਨਾਂ ਨੂੰ ਨਹਿਰੀ ਪਾਣੀ ਯਕੀਨੀ ਬਣਾਇਆ ਹੈ ਅਤੇ ਦੂਜੇ ਪਾਸੇ ਧਰਤੀ ਹੇਠਲੇ ਬੇਸ਼ਕੀਮਤੀ ਪਾਣੀ ਨੂੰ ਬਚਾਇਆ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਇੱਕ ਵੱਡੀ ਨਾਗਰਿਕ ਕੇਂਦਰਿਤ ਪਹਿਲਕਦਮੀ ਤਹਿਤ ਸੂਬਾ ਸਰਕਾਰ ਨੇ ਨਾਗਰਿਕਾਂ ਨੂੰ ਉਨ੍ਹਾਂ ਦੇ ਦਰ 'ਤੇ ਸੇਵਾਵਾਂ ਪ੍ਰਦਾਨ ਕਰਨ ਲਈ "ਭਗਵੰਤ ਮਾਨ ਸਰਕਾਰ ਤੁਹਾਡੇ ਦੁਆਰ" ਨਾਮੀ ਨਵੀਂ ਯੋਜਨਾ ਸ਼ੁਰੂ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਯੋਜਨਾ ਤਹਿਤ 43 ਨਾਗਰਿਕ ਸੇਵਾਵਾਂ ਸ਼ਾਮਲ ਕੀਤੀਆਂ ਗਈਆਂ ਹਨ, ਜੋ ਲੋਕਾਂ ਦੇ ਰੋਜ਼ਾਨਾ ਪ੍ਰਸ਼ਾਸਕੀ ਕੰਮਾਂ ਦਾ 99 ਫੀਸਦ ਤੋਂ ਵੱਧ ਬਣਦੀਆਂ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਲੋਕਾਂ ਨੂੰ ਉਨ੍ਹਾਂ ਦੇ ਦਰ 'ਤੇ ਸੇਵਾਵਾਂ ਮਿਲਣ ਨਾਲ ਵੱਡੀ ਰਾਹਤ ਮਿਲੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਵਿੱਚ ਭਾਈਚਾਰਕ ਸਾਂਝ, ਸ਼ਾਂਤੀ ਅਤੇ ਸਦਭਾਵਨਾ ਵਾਲਾ ਮਾਹੌਲ ਪੂਰੀ ਤਰ੍ਹਾਂ ਬਰਕਰਾਰ ਹੈ, ਜੋ ਮੁੱਖ ਤੌਰ 'ਤੇ ਸੂਬੇ ਦੇ ਸਮੁੱਚੇ ਵਿਕਾਸ ਅਤੇ ਖੁਸ਼ਹਾਲੀ ਦੀ ਨੀਂਹ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਸਖ਼ਤ ਯਤਨਾਂ ਸਦਕਾ ਪਿਛਲੇ ਤਿੰਨ ਸਾਲਾਂ

ਵਿੱਚ ਹੁਣ ਤੱਕ ਸੂਬੇ ਵਿੱਚ ਲਗਪਗ 94,000 ਕਰੋੜ ਰੁਪਏ ਦੇ ਨਿਵੇਸ਼ ਲਈ ਰਾਹ ਪੱਧਰਾ ਹੋਇਆ ਹੈ। ਉਨ੍ਹਾਂ ਕਿਹਾ ਕਿ ਟਾਟਾ ਸਟੀਲ, ਸਨਾਤਨ ਟੈਕਸਟਾਈਲ ਅਤੇ ਹੋਰ ਪ੍ਰਮੁੱਖ ਕੰਪਨੀਆਂ ਸੂਬੇ ਵਿੱਚ ਨਿਵੇਸ਼ ਲਈ ਅੱਗੇ ਆ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਹ ਬਹੁਤ ਮਾਣ ਅਤੇ ਸੰਤੁਸ਼ਟੀ ਦੀ ਗੱਲ ਹੈ ਕਿ ਕੰਪਨੀਆਂ ਆਪਣੇ ਕਾਰੋਬਾਰ ਨੂੰ ਫੈਲਾਉਣ ਲਈ ਸੂਬੇ ਵਿੱਚ ਸ਼ਾਨਦਾਰ ਬੁਨਿਆਦੀ ਢਾਂਚਾ, ਬਿਜਲੀ, ਹੁਨਰਮੰਦ ਮਨੁੱਖੀ ਸਰੋਤਾਂ ਅਤੇ ਬਿਹਤਰ ਉਦਯੋਗਿਕ ਤੇ ਕੰਮ ਲਈ ਅਨੁਕੂਲ ਮਾਹੌਲ ਦਾ ਵੱਧ ਤੋਂ ਵੱਧ ਲਾਹਾ ਲੈ ਰਹੀਆਂ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਲੋਕਾਂ ਨੂੰ ਆਪਣੀ ਪਸੰਦ ਦੇ ਤੀਰਥ ਸਥਾਨ ਦੀ ਯਾਤਰਾ ਦੀ ਸਹੂਲਤ ਦੇਣ ਲਈ ਸੂਬਾ ਸਰਕਾਰ ਨੇ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਸ਼ੁਰੂ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਮਹੱਤਵਪੂਰਨ ਯੋਜਨਾ ਦਾ ਸਮਾਜ ਦੇ ਹਰ ਵਰਗ ਨੂੰ ਵੱਡੇ ਪੱਧਰ 'ਤੇ ਲਾਭ ਹੋ ਰਿਹਾ ਹੈ ਕਿਉਂਕਿ ਉਹ ਤੀਰਥ ਸਥਾਨਾਂ ਦੀ ਮੁਫ਼ਤ ਯਾਤਰਾ ਕਰ ਸਕਦੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਦੇਸ਼ ਵਿੱਚ ਪਹਿਲੀ ਵਾਰ ਕਿਸੇ ਵੀ ਸੂਬਾ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਇਹ ਇੱਕ ਬੇਮਿਸਾਲ ਯੋਜਨਾ ਹੈ ਅਤੇ 35,000 ਤੋਂ ਵੱਧ ਸ਼ਰਧਾਲੂਆਂ ਨੇ ਇਸ ਦਾ ਲਾਭ ਲਿਆ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਦੇਸ਼ ਵਿੱਚ ਆਪਣੀ ਕਿਸਮ ਦੀ ਪਹਿਲੀ ਸੜਕ ਸੁਰੱਖਿਆ ਫੋਰਸ ਨਾਮੀ ਪਹਿਲਕਦਮੀ ਸ਼ੁਰੂ ਕੀਤੀ ਹੈ, ਜੋ ਰਾਜ ਅਤੇ ਰਾਸ਼ਟਰੀ ਰਾਜਮਾਰਗਾਂ 'ਤੇ ਸੁਰੱਖਿਆ ਯਕੀਨੀ ਬਣਾਉਣ ਅਤੇ ਕੀਮਤੀ ਜਾਨਾਂ ਬਚਾਉਣ ‘ਤੇ ਕੇਂਦਰਤ ਹੈ। ਉਨ੍ਹਾਂ ਕਿਹਾ ਕਿ ਵਿਸ਼ੇਸ਼ ਤੌਰ 'ਤੇ ਸਿਖਲਾਈ ਪ੍ਰਾਪਤ ਨਵੇਂ ਭਰਤੀ ਕੀਤੇ ਗਏ 1597 ਕਰਮਚਾਰੀ ਜਿਨ੍ਹਾਂ ਵਿੱਚ ਕੁੜੀਆਂ ਵੀ ਸ਼ਾਮਲ ਹਨ, ਇਸ ਫੋਰਸ ਦੀ ਰੀੜ੍ਹ ਦੀ ਹੱਡੀ ਵਜੋਂ ਕੰਮ ਕਰ ਰਹੇ ਹਨ, ਜਿਨ੍ਹਾਂ ਨੂੰ ਨਵੀਨਤਮ ਸਹੂਲਤਾਂ ਨਾਲ ਲੈਸ 144 ਵਾਹਨ ਦਿੱਤੇ ਗਏ ਹਨ ਅਤੇ ਪਿਛਲੇ ਸਾਲ ਫਰਵਰੀ ਵਿੱਚ ਇਸ ਦੀ ਸ਼ੁਰੂਆਤ ਤੋਂ ਬਾਅਦ ਪੰਜਾਬ ਵਿੱਚ ਹਾਦਸਿਆਂ ਕਾਰਨ ਹੋਣ ਵਾਲੀਆਂ ਮੌਤਾਂ ਵਿੱਚ 48.10 ਫੀਸਦ ਦੀ ਕਮੀ ਆਈ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਕਈ ਹੋਰ ਰਾਜਾਂ ਅਤੇ ਇੱਥੋਂ ਤੱਕ ਕਿ ਭਾਰਤ ਸਰਕਾਰ ਨੇ ਵੀ ਸੂਬਾ ਸਰਕਾਰ ਦੇ ਇਸ ਵਿਲੱਖਣ ਉਪਰਾਲੇ ਦੀ ਸ਼ਲਾਘਾ ਕੀਤੀ ਹੈ।

ਇਸ ਦੌਰਾਨ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਇਹ ਬਹੁਤ ਮਾਣ ਅਤੇ ਸੰਤੁਸ਼ਟੀ ਦੀ ਗੱਲ ਹੈ ਕਿ ਸੂਬਾ ਸਰਕਾਰ ਨੇ ਪਿਛਲੇ ਤਿੰਨ ਸਾਲਾਂ ਵਿੱਚ ਲੋਕਾਂ ਦੀ ਸੇਵਾ ਲਈ ਇਤਿਹਾਸਕ ਫੈਸਲੇ ਲਏ ਹਨ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦੋ ਸਾਲਾਂ ਵਿੱਚ ਵੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਦੇ ਸਖ਼ਤ ਯਤਨਾਂ ਸਦਕਾ ਸੂਬੇ ਵਿੱਚ ਕ੍ਰਾਂਤੀਕਾਰੀ ਤਬਦੀਲੀਆਂ ਆਉਣਗੀਆਂ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਸੂਬਾ ਸਰਕਾਰ ਦਾ ਵਿਸ਼ੇਸ਼ ਧਿਆਨ ਸਮਾਜ ਦੇ ਕਮਜ਼ੋਰ ਅਤੇ ਪਛੜੇ ਵਰਗਾਂ ਦੀ ਸੇਵਾ 'ਤੇ ਹੋਵੇਗਾ।

**ਦਿੱਲੀ ਦੇ ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਜਨਤਾ ਨੂੰ ਨਿਆਂ ਦੇਣ ਅਤੇ ਸੂਬੇ ਨੂੰ ਤੇਜ਼ ਵਿਕਾਸ ਦੀ ਪਟੜੀ 'ਤੇ ਚਾੜ੍ਹਨ ਲਈ ਲਈ ਹਰ ਸੰਭਵ ਯਤਨ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਭ੍ਰਿਸ਼ਟਾਚਾਰ ਅਤੇ ਨਸ਼ਿਆਂ ਵਿਰੁੱਧ ਮੁਹਿੰਮ ਸ਼ੁਰੂ ਕੀਤੀ ਹੈ ਅਤੇ ਜਲਦੀ ਪੰਜਾਬ ਇਨ੍ਹਾਂ ਸਮਾਜਿਕ ਬੁਰਾਈਆਂ ਤੋਂ ਮੁਕਤ ਹੋ ਜਾਵੇਗਾ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਸਾਡਾ ਉਦੇਸ਼ ਪੰਜਾਬ ਨੂੰ ਸ਼ਾਂਤਮਈ, ਪ੍ਰਗਤੀਸ਼ੀਲ ਅਤੇ ਖ਼ੁਸ਼ਹਾਲ ਸੂਬਾ ਬਣਾਉਣ ਦੇ ਨਾਲ-ਨਾਲ ਨੌਜਵਾਨਾਂ ਨੂੰ ਇਸ ਨੇਕ ਕਾਰਜ ਵਿੱਚ ਸਰਗਰਮ ਭਾਈਵਾਲ ਬਣਾਉਣਾ ਹੈ।**

---------------

**'आप' संयोजक अरविंद केजरीवाल और मुख्यमंत्री भगवंत मान ने श्री हरमंदिर साहिब, भगवान वाल्मीकि तीर्थ स्थल और श्री दुर्गियाना मंदिर में माथा टेका**

*** सरकार के तीन साल सफलतापूर्वक पूरे होने पर परमात्मा का शुक्राना**
*** पंजाब को विकास की ऊंचाइयों पर ले जाने का प्रण**

**अमृतसर, 16 मार्च**

पंजाब के मुख्यमंत्री भगवंत सिंह मान ने दिल्ली के पूर्व मुख्यमंत्री अरविंद केजरीवाल के साथ रविवार को श्री हरमंदिर साहिब, भगवान वाल्मीकि तीर्थ स्थल और श्री दुर्गियाना मंदिर में माथा टेका और राज्य सरकार के तीन साल सफलतापूर्वक पूरे होने पर परमात्मा का धन्यवाद किया।

दोनों नेताओं ने कहा कि वे खुशकिस्मत हैं कि उन्हें राज्य के लोगों की सेवा करने और राज्य में बेमिसाल विकास और तरक्की के नए युग की शुरुआत करने का मौका मिला है। भगवंत सिंह मान और अरविंद केजरीवाल ने कहा कि वे महान सिख गुरुओं के नक्शे-कदम पर चलकर लोगों की सेवा कर रहे हैं। उन्होंने राज्य के विकास को और गति देने का प्रण लिया। उन्होंने कहा कि पिछले तीन वर्षों में पंजाब में बड़ी तब्दीली देखी गई है और अगले दो वर्षों में राज्य हर क्षेत्र में देश का नेतृत्व करेगा।

मुख्यमंत्री ने आगे कहा कि 2022 में आज के दिन उन्होंने शहीद भगत सिंह के पैतृक गांव में पदभार संभाला था। उन्होंने कहा कि राज्य के लोगों ने पंजाब विधानसभा में भारी बहुमत देकर उन्हें बड़ी जिम्मेदारी सौंपी थी। भगवंत सिंह मान ने कहा कि तब से उनकी सरकार ने पंजाब को हर क्षेत्र में अग्रणी राज्य बनाने के लिए कड़ी मेहनत की है।

मुख्यमंत्री ने कहा कि राज्य सरकार ने 2022 में लोगों को मुफ्त बिजली देने की गारंटी शुरू की थी और तब से राज्य के 90 प्रतिशत घरों को मुफ्त बिजली मिल रही है और उन्हें शून्य बिजली बिल मिल रहे हैं। उन्होंने कहा कि इससे गरीब घरों के लिए बड़ी बचत हुई है और आम आदमी की जेब से बड़ा बोझ कम हुआ है। भगवंत सिंह मान ने कहा कि यह बहुत गर्व और संतोष की बात है कि घरेलू उपभोक्ताओं के साथ-साथ अन्नदाताओं को भी राज्य में मुफ्त और निर्बाध बिजली मिल रही है।

मुख्यमंत्री ने कहा कि उन्होंने मार्च 2022 में पदभार संभाला था और कुछ महीनों बाद पंजाब को पछवाड़ा कोयला खदान से कोयले की आपूर्ति फिर से शुरू हो गई। उन्होंने कहा कि राज्य ने निजी कंपनी जी.वी.के. पावर के स्वामित्व वाला गोइंदवाल पावर प्लांट खरीदकर इतिहास रच दिया है। भगवंत सिंह मान ने कहा कि पहली बार यह उलटा रुझान शुरू हुआ है कि किसी सरकार ने कोई निजी पावर प्लांट खरीदा है, जबकि पहले राज्य सरकारें अपनी संपत्तियां चहेतों को कौड़ियों के भाव बेचती थी।

मुख्यमंत्री ने कहा कि युवाओं को राज्य के सामाजिक-आर्थिक विकास में सक्रिय भागीदार बनाने के लिए पंजाब सरकार ने उन्हें सरकारी नौकरियां दी हैं। भगवंत सिंह मान ने कहा कि राज्य के इतिहास में पहली बार किसी भी सरकार ने सत्ता में आने के 36 महीनों में युवाओं को रिकॉर्ड 51,000 से अधिक नौकरियां दी हैं। उन्होंने कहा कि यह उनके लिए बहुत गर्व और संतोष की बात है कि सभी नौकरियां बिना किसी भ्रष्टाचार या भाई-भतीजावाद के पूरी तरह से योग्यता के आधार पर दी गई हैं।
मुख्यमंत्री ने कहा कि लोगों को गुणवत्तापूर्ण स्वास्थ्य सेवाएं प्रदान करने के लिए राज्य सरकार ने पंजाब भर में 881 आम आदमी क्लीनिक स्थापित किए हैं, जिन्होंने राज्य के स्वास्थ्य देखभाल क्षेत्र में क्रांति ला दी है। उन्होंने कहा कि अब तक राज्य में 2.70 करोड़ से अधिक लोग इन क्लीनिकों का लाभ ले चुके हैं। भगवंत सिंह मान ने कहा कि शुरुआत से ही इन क्लीनिकों में बड़ी संख्या में लोग आ चुके हैं, जिससे पता चलता है कि राज्य का हर तीसरा व्यक्ति इन क्लीनिकों का लाभ ले रहा है।

मुख्यमंत्री ने आगे कहा कि पंजाब सरकार 118 सरकारी सीनियर सेकेंडरी स्कूलों को स्कूल ऑफ एमिनेंस बनाने के लिए प्रतिबद्ध है, जो स्मार्ट क्लासरूम, अत्याधुनिक प्रयोगशालाओं और वैज्ञानिक शिक्षा पर आधारित खेल मैदानों से सुसज्जित हैं। उन्होंने कहा कि राज्य सरकार के ठोस प्रयासों के कारण प्री-प्राइमरी कक्षाओं में सरकारी स्कूलों के दाखिले में लगभग 17 प्रतिशत की वृद्धि दर्ज की गई है। भगवंत सिंह मान ने कहा कि शिक्षकों की दक्षता को निखारने के लिए विशेष कार्यक्रम शुरू किया गया है, जिसके तहत शिक्षकों और प्रिंसिपलों को प्रशिक्षण के लिए विदेश भेजा जा रहा है ताकि वे आधुनिक शिक्षण प्रथाओं से परिचित होकर छात्रों को अंतरराष्ट्रीय क्षेत्र में भविष्य की प्रतिस्पर्धाओं के लिए तैयार कर सकें।

मुख्यमंत्री ने कहा कि जब उन्होंने पदभार संभाला था, उस समय राज्य में सिंचाई के लिए केवल 21 प्रतिशत नहरी पानी का उपयोग किया जा रहा था। उन्होंने कहा कि यह बहुत गर्व और संतोष की बात है कि आज 75 प्रतिशत नहरी पानी सिंचाई के लिए उपयोग किया जा रहा है। भगवंत सिंह मान ने कहा कि उनकी सरकार ने एक तरफ दशकों से वंचित किसानों को नहरी पानी सुनिश्चित किया है और दूसरी तरफ भूमिगत बहुमूल्य पानी को बचाया है।

मुख्यमंत्री ने कहा कि एक बड़ी नागरिक केंद्रित पहल के तहत राज्य सरकार ने नागरिकों को उनके दरवाजे पर सेवाएं प्रदान करने के लिए "भगवंत मान सरकार तुहाडे दुआर" नामक नई योजना शुरू की है। उन्होंने कहा कि इस योजना के तहत 43 नागरिक सेवाएं शामिल की गई हैं, जो लोगों के दैनिक प्रशासनिक कार्यों का 99 प्रतिशत से अधिक बनती हैं। भगवंत सिंह मान ने कहा कि लोगों को उनके दरवाजे पर सेवाएं मिलने से बड़ी राहत मिली है।

मुख्यमंत्री ने कहा कि पंजाब में सांप्रदायिक सौहार्द, शांति और सद्भाव का माहौल पूरी तरह से बरकरार है, जो

मुख्य रूप से राज्य के समग्र विकास और समृद्धि की नींव है। भगवंत सिंह मान ने कहा कि पंजाब सरकार के सख्त प्रयासों के कारण पिछले तीन वर्षों में अब तक राज्य में लगभग 94,000 करोड़ रुपए के निवेश के लिए रास्ता साफ हुआ है। उन्होंने कहा कि टाटा स्टील, सनातन टेक्सटाइल और अन्य प्रमुख कंपनियां राज्य में निवेश के लिए आगे आ रही हैं। उन्होंने कहा कि यह बहुत गर्व और संतोष की बात है कि कंपनियां अपने कारोबार को बढ़ाने के लिए राज्य में शानदार बुनियादी ढांचा, बिजली, कुशल मानव संसाधन और बेहतर औद्योगिक और कार्य-अनुकूल माहौल का अधिकतम लाभ उठा रही हैं।

मुख्यमंत्री ने कहा कि लोगों को अपनी पसंद के तीर्थ स्थल की यात्रा की सुविधा देने के लिए राज्य सरकार ने मुख्यमंत्री तीर्थ यात्रा योजना शुरू की है। उन्होंने कहा कि इस महत्वपूर्ण योजना का समाज के हर वर्ग को बड़े पैमाने पर लाभ हो रहा है क्योंकि वे तीर्थ स्थलों की मुफ्त यात्रा कर सकते हैं। भगवंत सिंह मान ने कहा कि देश में पहली बार किसी भी राज्य सरकार द्वारा शुरू की गई यह एक बेमिसाल योजना है और 35,000 से अधिक श्रद्धालुओं ने इसका लाभ लिया है।

मुख्यमंत्री ने कहा कि राज्य सरकार ने देश में अपनी तरह की पहली सड़क सुरक्षा बल नामक पहल शुरू की है, जो राज्य और राष्ट्रीय राजमार्गों पर सुरक्षा सुनिश्चित करने और कीमती जानें बचाने पर केंद्रित है। उन्होंने कहा कि विशेष रूप से प्रशिक्षित नए भर्ती किए गए 1597 कर्मचारी, जिनमें महिलाएं भी शामिल हैं, इस बल की रीढ़ के रूप में काम कर रहे हैं, जिन्हें नवीनतम सुविधाओं से लैस 144 वाहन दिए गए हैं और पिछले साल फरवरी में इसकी शुरुआत के बाद पंजाब में दुर्घटनाओं के कारण होने वाली मौतों में 48.10 प्रतिशत की कमी आई है। भगवंत सिंह मान ने कहा कि कई अन्य राज्यों और यहां तक कि भारत सरकार ने भी राज्य सरकार की इस अनूठी पहल की सराहना की है।

इस दौरान दिल्ली के पूर्व मुख्यमंत्री अरविंद केजरीवाल ने कहा कि यह बहुत गर्व और संतोष की बात है कि राज्य सरकार ने पिछले तीन वर्षों में लोगों की सेवा के लिए ऐतिहासिक फैसले लिए हैं। उन्होंने कहा कि आने वाले दो वर्षों में भी भगवंत मान के नेतृत्व वाली सरकार के सख्त प्रयासों के कारण राज्य में क्रांतिकारी बदलाव आएंगे। अरविंद केजरीवाल ने कहा कि राज्य सरकार का विशेष ध्यान समाज के कमजोर और पिछड़े वर्गों की सेवा पर होगा।

दिल्ली के पूर्व मुख्यमंत्री ने कहा कि जनता को न्याय देने और राज्य को तेज विकास की पटरी पर लाने के लिए हर संभव प्रयास किए जाएंगे। उन्होंने कहा कि राज्य सरकार ने भ्रष्टाचार और नशे के खिलाफ अभियान शुरू किया है और जल्द ही पंजाब इन सामाजिक बुराइयों से मुक्त हो जाएगा। अरविंद केजरीवाल ने कहा कि हमारा उद्देश्य पंजाब को शांतिपूर्ण, प्रगतिशील और खुशहाल राज्य बनाने के साथ-साथ युवाओं को इस नेक कार्य में सक्रिय भागीदार बनाना है।